**SET – 4**

**Series : ONS/1**

Code No. **4/1**

Roll No. | | | | | | | |

Candidates must write the Code on the title page of the answer-book.

- Please check that this question paper contains **4** printed pages.
- Code number given on the right hand side of the question paper should be written on the title page of the answer-book by the candidate.
- Please check that this question paper contains **16** questions.
- **Please write down the Serial Number of the question before attempting it.**
- 15 Minute time has been allotted to read this question paper. The question paper will be distributed at 10.15 a.m. From 10.15 a.m. From 10.15 a.m. to 10.30 a.m., the students will read the question paper only and will not write any answer on the answer-book during this period.

# ਪੰਜਾਬੀ

# PUNJABI

*ਸਮਾਂ ਸੀਮਾਂ : 3 ਘੰਟੇ* — *ਪੂਰਨ ਅੰਕ : 100*

*Time allowed : 3 hours* — *Maximum marks : 100*

1. ਹੇਠ ਲਿਖੇ ਪੈਰੇ ਨੂੰ ਧਿਆਨ ਨਾਲ ਪੜ੍ਹੋ ਅਤੇ ਉਸ ਹੇਠ ਦਿੱਤੇ ਪ੍ਰਸ਼ਨਾਂ ਦੇ ਉੱਤਰ ਲਿਖੋ : **2 × 5 = 10**

ਬੰਦਾ ਵੀ ਅਜੀਬ ਸ਼ੈ ਹੈ । ਪਹਿਲਾਂ ਬੇਲੋੜਾ ਖਾ ਕੇ ਮੋਟਾ ਹੋ ਜਾਂਦਾ ਹੈ ਅਤੇ ਫੇਰ ਮੋਟਾਪੇ ਨੂੰ ਘਟਾਉਣ ਲਈ ਡਾਇਟਿੰਗ ਸ਼ੁਰੂ ਕਰ ਦੇਂਦਾ ਹੈ । ਖਾਸ ਕਰਕੇ ਕੁੜੀਆਂ ਅਤੇ ਔਰਤਾਂ ਵਿਚ ਡਾਇਟਿੰਗ ਕਰਨ ਦਾ ਰੁਝਾਨ ਕੁਝ ਜ਼ਿਆਦਾ ਹੀ ਵਧ ਰਿਹਾ ਹੈ । ਇਹ ਗੱਲ ਸਾਨੂੰ ਲੜ ਬੰਨ੍ਹ ਲੈਣੀ ਚਾਹੀਦੀ ਹੈ ਕਿ ਮੋਟਾਪਾ ਸਿਹਤ ਲਈ ਨੁਕਸਾਨਦੇਹ ਹੈ ਅਤੇ ਉਸੇ ਤਰ੍ਹਾਂ ਡਾਇਟਿੰਗ ਕਰਨ ਜਾਂ ਵਰਤ ਰੱਖਣ ਨਾਲ ਸਰੀਰ ਨੂੰ ਫਾਇਦਾ ਹੋਣ ਦੀ ਬਜਾਏ ਨੁਕਸਾਨ ਹੀ ਹੁੰਦਾ ਹੈ, ਕਿਉਂਕਿ ਅਕਸਰ ਅਸੀਂ ਸਹੀ ਤਰੀਕੇ ਨਾਲ ਡਾਇਟਿੰਗ ਨਹੀਂ ਕਰਦੇ । ਆਮ ਤੌਰ ਤੇ ਹਫਤੇ ਵਿਚ ਇਕ ਦਿਨ ਵਰਤ ਰੱਖਣ ਜਾਂ ਭੁੱਖੇ ਰਹਿਣ ਦਾ ਰਿਵਾਜ ਹੈ – ਭਾਵੇਂ ਸਿਹਤ ਪਖੋਂ ਸਮਝ ਲਵੋ ਜਾਂ ਧਾਰਮਿਕ ਆਸਥਾ ਪਖੋਂ । ਪਰ ਜੇ ਧਿਆਨ ਨਾਲ ਵੇਖਿਆ ਜਾਵੇ ਤਾਂ ਉਸ ਦਿਨ ਅਸੀਂ ਕਰਦੇ ਕੀ ਹਾਂ । ਜਾਂ ਤਾਂ ਉਸ ਦਿਨ ਅਸੀਂ ਅਨਾਜ ਨਹੀਂ ਖਾਂਦੇ ਸਾਦੀ ਰੋਟੀ ਦੀ ਬਜਾਏ ਆਲੂ ਦੀ ਟਿੱਕੀ ਵਗੈਰਾ ਖੂਬ ਘਿਉ ਵਿਚ ਤਲਕੇ ਖਾਂਦੇ ਹਾਂ ਜਾਂ ਫੇਰ ਇਕ ਡੰਗ ਦੀ ਰੋਟੀ ਨਹੀ ਖਾਂਦੇ, ਪਰ ਦੁਪਹਿਰ ਨੂੰ ਪਹਿਲਾਂ ਨਾਲੋਂ ਵੀ ਵਧ ਖਾ ਲੈਂਦੇ ਹਾਂ । ਫੇਰ ਭਲਾ ਇਹੋ ਜਿਹੇ ਵਰਤ ਜਾਂ ਡਾਇਟਿੰਗ ਦਾ ਕੀ ਫਾਇਦਾ ।

(i) ਲੇਖਕ ਇਹ ਕਿਉਂ ਕਹਿੰਦਾ ਹੈ ਕਿ 'ਬੰਦਾ ਵੀ ਅਜੀਬ ਸ਼ੈ ਹੈ' ?

(ii) ਮੋਟਾਪਾ ਸਿਹਤ ਲਈ ਨੁਕਸਾਨਦੇਹ ਕਿਉਂ ਹੈ ?

(iii) ਵਰਤ ਰੱਖਣ ਦਾ ਲਾਭ ਕਿਉਂ ਨਹੀਂ ਹੁੰਦਾ ?

(iv) 'ਡਾਇਟਿੰਗ' ਕੀ ਹੈ ?

(v) ਇਸ ਪੈਰੇ ਨੂੰ ਢੁਕਵਾਂ ਸਿਰਲੇਖ ਦਿਉ ।

2. ਹੇਠ ਲਿਖੇ ਵਿਸ਼ਿਆਂ ਵਿਚੋਂ ਕਿਸੇ **ਇੱਕ** ਉਪਰ **200** ਸ਼ਬਦਾਂ ਦਾ ਲੇਖ ਲਿਖੋ : **10**

(i) ਸੱਭੇ ਸਾਂਝੀਵਾਲ ਸਦਾਇਨ

(ii) ਤੁਹਾਡੇ ਸੁਪਨਿਆਂ ਦਾ ਭਾਰਤ

(iii) ਸਭਿਆਚਾਰ

(iv) ਲੇਖਕਾਂ ਦੀ ਸਮਾਜ ਪ੍ਰਤੀ ਜੁੰਮੇਵਾਰੀ

3. ਆਨਲਾਈਨ ਖਰੀਦੇ ਮੋਬਾਈਲ ਫੋਨ ਦੀ ਸ਼ਿਕਾਇਤ ਕੰਪਨੀ ਨੂੰ 100 ਸ਼ਬਦਾਂ ਦੇ ਈ ਮੇਲ ਰਾਹੀਂ ਕਰੋ । **7**

**ਜਾਂ**

ਪੁਰਾਣੇ ਟੀ.ਵੀ. ਨੂੰ ਵੇਚਣ ਲਈ ਅਖ਼ਬਾਰ ਵਾਸਤੇ 100 ਸ਼ਬਦਾਂ ਦਾ ਇੱਕ ਇਸ਼ਤਿਹਾਰ ਤਿਆਰ ਕਰੋ ।

4. ਕਿਸੇ ਪੰਜਾਬੀ ਮਾਸਿਕ ਪੱਤਰ ਵਿਚ ਆਪਣੀ ਰਚਨਾ ਛਾਪਣ ਲਈ ਸੰਪਾਦਕ ਨੂੰ ਚਿੱਠੀ ਲਿਖੋ । **8**

**ਜਾਂ**

ਸਿੱਖਿਆ ਪ੍ਰਣਾਲੀ ਵਿੱਚ ਸੁਧਾਰਾਂ ਬਾਰੇ ਆਪਣੇ ਵਿਚਾਰ ਅਖ਼ਬਾਰ ਦੇ ਸੰਪਾਦਕ ਨੂੰ ਲਿਖੋ ।

5. ਹੇਠ ਲਿਖੇ ਮੁਹਾਵਰਿਆਂ ਵਿਚੋਂ **ਤਿੰਨ** ਦੇ ਅਰਥ ਸਪਸ਼ੱਟ ਕਰਦੇ ਹੋਏ ਵਾਕ ਬਣਾਓ : **3**

(i) ਟੰਗ ਅੜਾਉਣੀ

(ii) ਠੰਢੇ ਸਾਹ ਭਰਨੇ

(iii) ਡੁੱਬ ਮਰਨਾ

(iv) ਦਿਨ ਫਿਰਨੇ

6. (1) ਹੇਠ ਲਿਖਿਆਂ ਵਿਚੋਂ ਸ਼ੁੱਧ ਸ਼ਬਦ ਚੋਣ ਕਰੋ : **3**

(i) (ੳ) ਵੈਰ (ਅ) ਬੈਰ

(ii) (ੳ) ਗੁਆਂਡੀ (ਅ) ਗੁਆਢੀ

(iii) (ੳ) ਸੇਹਰਾ (ਅ) ਸਿਹਰਾ

(2) ਹੇਠ ਲਿਖੇ ਸ਼ਬਦਾਂ ਨੂੰ ਸ਼ੁੱਧ ਕਰਕੇ ਲਿਖੋ : **3**

ਕੇਹਰ, ਪੋੜੀ, ਕੁਜ

7. ਹੇਠ ਲਿਖੀ ਵਾਰਤਾ ਵਿੱਚ ਵਿਸਰਾਮ ਚਿੰਨ੍ਹ ਲਗਾਓ : **3**

ਉਸਨੇ ਕਿਹਾ ਸੀ ਮੈ ਤੇਰੀ ਸਹਾਇਤਾ ਕਰਾਂਗਾ ਪਰ ਵਕਤ ਆਉਂਣ ਤੇ ਮੁਕਰ ਗਿਆ

8. ਹੇਠ ਲਿਖੇ ਵਾਕਾਂ ਨੂੰ ਸ਼ੁੱਧ ਕਰਕੇ ਲਿਖੋ : **3**

(i) ਰੂਸ ਨੇ ਆਦਰ ਕੀਤਾ ਭਾਰਤ ਦਾ

(ii) ਸਖੀ ਨਾਲੋਂ ਮਸੂਮ ਚੰਗਾ

(iii) ਬਚਣਾ ਚਾਹੀਦਾ ਹੈ ਇਸ ਮੌਸਮ ਵਿਚ ਬੀਮਾਰੀ ਤੋਂ

9. ਹੇਠ ਲਿਖੀਆਂ ਕਾਵਿ-ਟੁਕੜੀਆਂ ਵਿਚੋਂ ਕਿਸੇ **ਇੱਕ** ਹੇਠ ਦਿੱਤੇ ਪ੍ਰਸ਼ਨਾਂ ਦੇ ਉੱਤਰ ਲਿਖੋ : **$2 \times 4 = 8$**

ਮਿੱਟੀ ਚਮਕ ਪਈ ਇਹ ਮੋਈ
ਤੇ ਤੁਸੀਂ ਲੂੰਆਂ ਵਿਚ ਲਿਸ਼ਕੇ
ਬਿਜਲੀ ਕੂੰਦ ਗਈ ਥਰਰਾਂਦੀ
ਹੁਣ ਚਕਾਚੂੰਦ ਹੈ ਛਾਈ ।

(i) ਇਹ ਕਿਸ ਕਵੀ ਦੀ ਕਿਸ ਕਵਿਤਾ ਦੀਆਂ ਸਤਰਾਂ ਹਨ ?

(ii) ਇਥੇ 'ਤੁਸੀਂ' ਕਿਸ ਲਈ ਵਰਤਿਆ ਗਿਆ ਹੈ ?

(iii) 'ਚਕਾਚੂੰਦ' ਦੇ ਕੀ ਅਰਥ ਹਨ ?

(iv) 'ਮਿੱਟੀ ਚਮਕ ਪਈ ਇਹ ਮੋਈ' ਤੋਂ ਕੀ ਭਾਵ ਹੈ ?

**ਜਾਂ**

ਮਾਏ ਨੀ,
ਇਹ ਰੁੱਤ ਕੀਦ੍ਹੇ ਲੜ ਲਾਈਏ
ਕਿਸਨੂੰ ਇਹਦੇ ਜੂਠੇ ਅੰਗ ਛੁਹਾਈਏ
ਕਿਸ ਧਰਮੀ ਦੇ ਵਿਹੜੇ ਬੂਟਾ ਲਾਈਏ
ਹਾਏ ਨੀ
ਇਨ੍ਹੂੰ ਕਿਹੜੇ ਫੁੱਲ ਸੰਗ ਵਰੀਏ ?

(i) ਇਹ ਸਤਰਾਂ ਕਿਸ ਕਵੀ ਦੀ ਕਿਸ ਕਵਿਤਾ ਵਿਚੋਂ ਹਨ ?

(ii) ਕਵੀ ਇਥੇ ਕਿਸ ਰੁੱਤ ਦੀ ਗਲ ਕਰ ਰਿਹਾ ਹੈ ?

(iii) 'ਵਰੀਏ' ਦੇ ਇਥੇ ਕੀ ਅਰਥ ਹਨ ?

(iv) 'ਜੂਠੇ ਅੰਗ' ਤੋਂ ਕੀ ਭਾਵ ਹੈ ?

10. ਕਿਸੇ **ਇੱਕ** ਕਾਵਿ ਟੁਕੜੀ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ : **7**

ਧੌਲ ਤਾਂ ਥਕਿਆ
ਥਕ ਕੇ ਬਹਿ ਗਿਆ
ਧਰਮ ਨੀ ਹਾਰਿਆ
ਪੰਖ ਲਾ ਉਡ ਗਿਆ
ਧੀਆਂ ਨੂੰ ਥੱਕਣ ਦੀ
ਪੰਖ ਲਾ ਉਡਣ ਦੀ
ਜਾਚ ਹੀ ਨਹੀਂ ਹੈ

**ਜਾਂ**

ਕੀ ਉਹ ਹੁਸਨ ਹੁਸਨ ਹੈ ਸਚ ਮੁਚ,
ਯਾ ਉਂਜੇ ਹੀ ਛਲਦਾ
ਲੱਖ ਗਰੀਬਾਂ ਮਜ਼ਦੂਰਾਂ ਦੇ
ਹੰਝੂਆਂ 'ਤੇ ਜੋ ਪਲਦਾ ?

11. ਹੇਠ ਲਿਖੇ ਵਾਰਤਾ-ਅੰਸ਼ਾਂ ਨੂੰ ਪੜ੍ਹਕੇ ਉਨ੍ਹਾਂ ਹੇਠ ਦਿੱਤੇ ਕਿਸੇ **ਇੱਕ** ਦੇ ਪ੍ਰਸ਼ਨਾਂ ਦੇ ਉੱਤਰ ਲਿਖੋ : **1 × 3 = 3**

ਮਦਾਰੀ ਨੇ ਬੰਸਰੀ ਤੇ ਡੁਗਡੁਗੀ ਵਜਾਈ । ਉਹਨੇ ਤੇਜ਼-ਤੇਜ਼ ਚੱਲ ਕੇ ਅਖਾੜੇ ਦਾ ਗੇੜਾ ਲਾਇਆ ਤੇ ਪੁੱਛਿਆ, "ਜੋ ਪੂਛੂੰਗਾ ਬਤਲਾਏਗਾ"

(i) ਇਹ ਵਾਰਤਾ-ਅੰਸ਼ ਕਿਸ ਪੁਸਤਕ ਵਿਚੋਂ ਲਿਆ ਗਿਆ ਹੈ ਅਤੇ ਇਸ ਪੁਸਤਕ ਦਾ ਲੇਖਕ ਕੌਣ ਹੈ ?

(ii) 'ਮਦਾਰੀ' ਕੌਣ ਹੁੰਦਾ ਹੈ ?

(iii) 'ਅਖਾੜਾ' ਦਾ ਅਰਥ ਦੱਸੋ ।

**ਜਾਂ**

"ਕਾਹਨੂੰ ਯਾਰ । ਤੁਸੀਂ ਐਵੇਂ ਬੋਲੀ ਜਾਂਦੇ ਓ । ਮੈ ਤਾਂ ਖਹਿੜਾ ਛਡਾਉਣ ਵਾਸਤੇ ਕਹਿਤਾ ।"

(i) ਇਸ ਵਾਰਤਾ-ਅੰਸ਼ ਵਿਚ ਕਿਸ ਬਾਰੇ ਗਲ ਹੋ ਰਹੀ ਹੈ ?

(ii) 'ਖਹਿੜਾ ਛਡਾਉਣਾ' ਕੀ ਹੁੰਦਾ ਹੈ ?

(iii) ਇਸ ਵਾਰਤਾ-ਅੰਸ਼ ਵਿਚ ਕੌਣ ਕਿਸ ਨਾਲ ਵਾਰਤਾਲਾਪ ਕਰ ਰਿਹਾ ਹੈ ?

12. ਨਾਵਲ 'ਗੁਆਚਿਆ ਮੁੰਡਾ' ਪਾਠਕ ਵਿਚ ਵਹਿਮਾਂ-ਭਰਮਾਂ ਤੋਂ ਮੁਕਤ ਹੋਣ ਦਾ ਜੋ ਸੰਦੇਸ਼ ਦੇਂਦਾ ਹੈ ਉਸਨੂੰ 100-125 ਸ਼ਬਦਾਂ ਵਿਚ ਬਿਆਨ ਕਰੋ । **7**

**ਜਾਂ**

'ਗੁਆਚਿਆ ਮੁੰਡਾ' ਦੇ ਮੁੱਖ ਪਾਤਰ, ਘੋਗੇ ਦੀ ਦੁਵਿਧਾ ਬਾਰੇ ਆਪਣੇ ਵਿਚਾਰ 100-125 ਸ਼ਬਦਾਂ ਵਿਚ ਲਿਖੋ ।

13. ਹੇਠ ਦਿੱਤੇ ਕਥਾ-ਅੰਸ਼ਾਂ ਵਿਚੋਂ ਕਿਸੇ **ਇੱਕ** ਦੇ ਹੇਠ ਦਿਤੇ ਪ੍ਰਸ਼ਨਾਂ ਦੇ ਉੱਤਰ ਲਿਖੋ :

ਕਈ ਵਾਰ 'ਪੰਜ ਤੀਰਥੀ' ਵੀ ਜਾਂਦੇ । ਇਸ ਥਾਂ ਠੰਡੇ, ਮਿਠੇ ਪਾਣੀ ਦੇ ਪੰਜ ਚਸ਼ਮੇ ਨੇੜੇ ਨੇੜੇ ਵਗਦੇ ਸਨ । ਕਥਨ ਸੀ ਕਿ ਬਨਵਾਸ ਸਮੇਂ ਪੰਜ ਪਾਂਡਵ ਇਸ ਜਗਾਹ ਕਈ ਵਰ੍ਹੇ ਰਹੇ ਸਨ । ਇਥੇ ਪ੍ਰਾਚੀਨ ਮੰਦਰ ਵੀ ਹੈ । ਮਾਸੀ ਜੀ ਵੀ ਉਥੇ ਮੰਨਤ ਹੀ ਮੰਗਣ ਜਾਂਦੇ ਸਨ ।

(i) 'ਪੰਜ ਤੀਰਥੀ' ਕਿਸ ਸਥਾਨ ਉੱਪਰ ਹੈ ? **2**

(ii) ਮਾਸੀ ਜੀ ਕੀ ਮੰਨਤ ਮੰਗਣ ਜਾਂਦੇ ਸੀ ? **2**

(iii) ਪੰਜ ਪਾਂਡਵਾਂ ਦਾ ਸੰਬੰਧ ਕਿਸ ਧਰਮ ਗ੍ਰੰਥ ਨਾਲ ਹੈ ? **1**

**ਜਾਂ**

ਚੰਨਣ ਉਠ ਕੇ ਮੰਜੇ ਤੇ ਬਹਿ ਗਿਆ, ਤੇ ਦੁੱਧ ਦਾ ਛੰਨਾ ਫੜ ਕੇ ਊਂਘਦਾ ਊਂਘਦਾ ਪੀਣ ਲੱਗਾ । ਆਲੇ ਦੁਆਲੇ ਕੋਠਿਆਂ ਉਪਰ ਲੋਕ ਚੁੱਪ ਚਾਪ ਪਏ ਸਨ । ਘੁੱਦੇ ਦੀ ਵੀ ਅੱਖ ਲਗੀ ਜਾਪਦੀ ਸੀ । ਬਚਨੋਂ ਪੈਂਦ ਵੱਲ ਮੰਜੇ ਦੀ ਬਾਹੀ ਉੱਤੇ ਬਹਿ ਗਈ । ਲੋਹੜੇ ਦਾ ਵੱਟ ਹੋ ਰਿਹਾ ਸੀ । ਉਦੋਂ ਹੀ ਇਕ ਪਾਣੀ ਦਾ ਭਿੱਜਿਆ ਬੁਲ੍ਹਾ ਆਇਆ । ਦੂਰ, ਪਹਾੜ ਦੀ ਕੁੱਖ ਵਿਚ ਕਾਲੀ ਘਟਾ ਘਿਰੀ ਹੋਈ ਸੀ, ਜਿਸ ਵਿਚੋਂ ਕਦੇ ਕਦੇ ਬਿਜਲੀ ਅੱਖ ਮਾਰ ਜਾਂਦੀ ।

(i) ਉਪਰੋਕਤ ਬਿਰਤਾਂਤ ਵਿਚ ਕਿਸ ਪ੍ਰਕਾਰ ਦਾ ਵਾਤਾਵਰਣ ਉਸਾਰਿਆ ਗਿਆ ਹੈ ? **2**

(ii) 'ਲੋਹੜੇ ਦਾ ਵੱਟ' ਦੇ ਕਿ ਅਰਥ ਹਨ ? **1**

(iii) ਚੰਨਣ ਦਾ ਇਸ ਕਹਾਣੀ ਵਿਚ ਕੀ ਸਥਾਨ ਹੈ ? **2**

14. 'ਬਰਫ਼ ਦਾ ਦਾਨਵ' ਕਹਾਣੀ ਵਿੱਚ ਸੂਬੇਦਾਰ ਪੂਰਨ ਸਿੰਘ ਦੇ ਮਨੋਭਾਵਾਂ ਨੂੰ ਕਿਸ ਤਰ੍ਹਾਂ ਪੇਸ਼ ਕੀਤਾ ਗਿਆ ਹੈ ? ਉੱਤਰ 100-125 ਸ਼ਬਦਾਂ ਵਿੱਚ ਲਿਖੋ । **5**

**ਜਾਂ**

'ਤਿੰਨ ਦਿਨ ਦਾ ਬੇਈਮਾਨ' ਦਾ ਨਾਇਕ ਕਿਸ ਦੁਵਿਧਾ ਦਾ ਸ਼ਿਕਾਰ ਹੈ ? ਉੱਤਰ 100-125 ਸ਼ਬਦਾਂ ਵਿਚ ਲਿਖੋ ।

15. ਸੂਫੀ ਕਾਵਿ-ਧਾਰਾ ਦੀ ਵਿਚਾਰਧਾਰਾ ਨੂੰ 150-200 ਸ਼ਬਦਾਂ ਵਿਚ ਸਪੱਸ਼ਟ ਕਰੋ । **10**

**ਜਾਂ**

ਆਧੁਨਿਕ ਕਾਵਿ ਦੇ ਆਰੰਭ ਬਾਰੇ ਆਪਣੇ ਵਿਚਾਰ 150-200 ਸ਼ਬਦਾਂ ਵਿਚ ਪੇਸ਼ ਕਰੋ ।

16. ਕਦਰਾਂ ਕੀਮਤਾਂ 'ਤੇ ਆਧਾਰਿਤ ਪ੍ਰਸ਼ਨ : **5**

"ਏਸ ਤੀਜੇ ਨੇਤਰ ਨੂੰ ਤਾਂ, ਭੈਣ ਮੇਰੀਏ, ਏਸ ਜ਼ਮਾਨੇ ਵਿਚ ਦਿਸਦਾ ਹੀ ਕੁਛ ਨਹੀਂ । ਸੋਲਾਂ-ਸੋਲਾਂ ਪੜ੍ਹੇ ਕੰਧਾਂ-ਕੌਲਿਆਂ ਨਾਲ ਵਜਦੇ ਫਿਰਦੇ ਨੇ । ਹੁਣ ਤਾਂ ਤੀਜਾ ਨੇਤਰ ਪੈਸਾ ਹੈ"

ਉਪਰੋਕਤ ਵਾਰਤਾਲਾਪ ਵਿਚ ਵਿਦਿਆ ਅਤੇ ਪੈਸੇ ਦੇ ਮਹੱਤਵ ਬਾਰੇ ਗਲ ਹੋ ਰਹੀ ਹੈ । ਤੁਸੀ 100-125 ਸ਼ਬਦਾਂ ਵਿਚ ਦੱਸੋ ਕਿ ਵਿਦਿਆ ਅਤੇ ਪੈਸੇ ਵਿਚੋਂ ਕਿਸ ਦਾ ਅਤੇ ਕਿਉਂ ਮਹੱਤਵ ਜ਼ਿਆਦਾ ਹੈ ?